**ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ, ਐਸ.ਏ.ਐਸ. ਨਗਰ**
**ਚੌਥੀ ਮੰਜਿਲ, ਈ ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ. ਮੋਹਾਲੀ**
**(ਕੋਆਰਡੀਨੇਸ਼ਨ ਸ਼ਾਖਾ)**

---

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ), ਪੰਜਾਬ।
(ਵੈਬਸਾਈਟ ਰਾਹੀਂ)

ਮੀਮੋ ਨੰ: 15/324-2012 ਕੋ (1)/2020 71225
ਮਿਤੀ: 05.03.2020

**ਵਿਸ਼ਾ:** **ਰਾਜ ਵਿੱਚ ਦਿਵਿਆਂਗਜਨਾਂ/ਕਰਮਚਾਰੀਆਂ ਨੂੰ 4% ਰਾਖਵਾਂਕਰਨ ਦੇਣ ਸਬੰਧੀ ਰੋਸਟਰ ਰਜਿਸਟਰ ਤਿਆਰ ਕਰਨ ਸਬੰਧੀ।**

ਹਵਾਲਾ: ਪੰਜਾਬ ਸਰਕਾਰ, ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ (ਅਪੰਗ ਵਿਅਕਤੀਆਂ ਦੀ ਭਲਾਈ ਸ਼ਾਖਾ) ਦਾ ਪੱਤਰ ਨੰ: 3/84/2019-3ਡਸ/82 ਮਿਤੀ 29.01.2020.

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੀ ਕਾਪੀ ਆਪ ਨੂੰ ਇੰਨ ਬਿੰਨ ਪਾਲਣਾ ਹਿੱਤ ਭੇਜੀ ਜਾਂਦੀ ਹੈ।

5.3.2020
ਸਹਾਇਕ ਡਾਇਰੈਕਟਰ (ਕੋ. ਸ਼ਾਖਾ)

ਪਿੱ. ਅੰ. ਨੰ: ਉਕਤ ਮਿਤੀ. .03.2020

ਉਤਾਰਾ ਹੇਠ ਲਿਖਿਆ ਨੂੰ ਇੰਨ ਬਿੰਨ ਪਾਲਣਾ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਆਰ.ਓ./ਸਕੱਤਰ ਸਕੂਲ ਸਿੱਖਿਆ, ਪੰਜਾਬ (ਸੂਚਨਾ ਹਿੱਤ)
2. ਸਹਾਇਕ ਡਾਇਰੈਕਟਰ (ਸਪ੍ਰ-1,2,3,4,5, ਵੋਕ, ਸੇਵਾਵਾਂ-3)
3. ਰਜਿਸਟਰਾਰ ਸਿੱਖਿਆ ਵਿਭਾਗ ਅਤੇ ਸਹਾਇਕ ਰ.ਸਿ.ਵਿ.।

5.3.2020
ਸਹਾਇਕ ਡਾਇਰੈਕਟਰ (ਕੋ. ਸ਼ਾਖਾ)

ਨੰ: 3/84/2019-3ਡਸ/83

42003 ਬਹਰੋ 13-02-2020

ਪੰਜਾਬ ਸਰਕਾਰ
ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ
(ਅਪੰਗ ਵਿਅਕਤੀਆਂ ਦੀ ਭਲਾਈ ਸ਼ਾਖਾ)

ਮਿਤੀ,ਚੰਡੀਗੜ੍ਹ: 29/1/2020

ਸੇਵਾ ਵਿਖੇ

1. ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ
2. ਰਾਜ ਦੇ ਸਮੂਹ ਮੰਡਲਾਂ ਦੇ ਕਮਿਸ਼ਨਰ
3. ਰਾਜ ਦੇ ਸਮੂਹ ਡਿਪਟੀ ਕਮਿਸ਼ਨਰ
4. ਰਜਿਸਟਰਾਰ ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ
5. ਰਾਜ ਦੇ ਸਮੂਹ ਜਿਲਾ ਅਤੇ ਸੈਸ਼ਨ ਜੱਜ
6. ਰਾਜ ਦੇ ਸਮੂਹ ਉਪ ਮੰਡਲ ਮੈਜਿਸਟ੍ਰੇਟ
7. ਚੇਅਰਮੈਨ, ਲੋਕ ਸੇਵਾ ਕਮਿਸ਼ਨ, ਪਟਿਆਲਾ
8. ਚੇਅਰਮੈਨ, ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ, ਚੰਡੀਗੜ੍ਹ

10/2/2020

ਵਿਸ਼ਾ:- ਰਾਜ ਵਿਚ ਦਿਵਿਆਂਗਜਨਾਂ/ਕਰਮਚਾਰੀਆਂ ਨੂੰ 4% ਰਾਖਵਾਂਕਰਨ ਦੇਣ ਸਬੰਧੀ ਰੋਸਟਰ ਰਜਿਸਟਰ ਤਿਆਰ ਕਰਨ ਸਬੰਧੀ ।

*******

ਸ਼੍ਰੀਮਾਨ/ਸ਼੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਦੇ ਆਪ ਦਾ ਧਿਆਨ ਸਰਕਾਰ ਦੇ ਪੱਤਰ ਨੰ: 1/1/2017-3ਡਸ/1588894/1-2, ਮਿਤੀ 3.10.2019 ਵੱਲ ਦਿਵਾਉਣ ਦੀ ਹਦਾਇਤ ਹੋਈ ਹੈ, ਜਿਨਾਂ ਰਾਂਹੀ ਰਾਜ ਸਰਕਾਰ ਵਲੋਂ The Rights of Persons with Disabilities Act,2016 ਦੀ ਧਾਰਾ 34 ਅਧੀਨ 4% ਰਾਖਵਾਂਕਰਨ ਦੇਣ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ। ਇਨਾਂ ਹਦਾਇਤਾਂ ਦੇ ਪੈਰਾ 10 ਰਾਂਹੀ ਰਾਖਵਾਂਕਰਨ ਨੂੰ ਪੂਰਣ ਤੌਰ ਤੇ ਲਾਗੂ ਕਰਨ ਸਬੰਧੀ ਵਿਧੀ ਦਰਸਾਉਂਦੇ ਹੋਏ ਅਨੁਲੱਗ-1 ਰਾਂਹੀ ਵੈਕੰਸੀ ਰੋਸਟਰ ਰਜਿਸਟਰ ਦਾ ਪ੍ਰਫਾਰਮਾ ਵੀ ਜਾਰੀ ਕੀਤਾ ਗਿਆ ਸੀ। ਪਰੰਤੂ ਇਹ ਧਿਆਨ ਵਿਚ ਆਇਆ ਹੈ ਕਿ ਵਿਭਾਗਾਂ ਵਲੋਂ ਹੁਣ ਤੱਕ ਹਦਾਇਤਾਂ ਮਿਤੀ 3.10.2019 ਦੀ ਪਾਲਣਾ ਕਰਦੇ ਹੋਏ ਰੋਸਟਰ ਰਜਿਸਟਰ ਤਿਆਰ ਨਹੀਂ ਕੀਤੇ ਗਏ।

2. ਰਾਜ ਵਿਚ ਗਰੁੱਪ ਏ, ਬੀ, ਸੀ ਅਤੇ ਡੀ ਕਾਡਰ ਵਿਚ ਪਦਉੱਨਤੀ ਅਤੇ ਸਿੱਧੀ ਭਰਤੀ ਵਿਚ 4% ਰਾਖਵਾਂਕਰਨ ਦਿੰਦੇ ਹੋਏ ਹਦਾਇਤਾਂ ਮਿਤੀ 3.10.2019 ਦੇ ਪੈਰਾ 10 ਵਿਚ ਦਰਸਾਏ ਅਨੁਲੱਗ-1 ਦੇ ਅਨੁਸਾਰ ਸਮੂਹ ਵਿਭਾਗ ਮਿਤੀ 3.10.2019 ਤੋਂ ਨਵੇਂ ਵੇਕੰਸੀ ਰੋਸਟਰ ਰਜਿਸਟਰ ਤਿਆਰ ਕਰਕੇ ਦਫ. ਡਾਇਰੈਕਟਰ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ,ਚੰਡੀਗੜ੍ਹ ਐਸ.ਸੀ.ਓ. ਨੰ: 102-103, ਸੈਕਟਰ 34 ਏ,ਚੰਡੀਗੜ੍ਹ ਪਾਸੋਂ ਚੈਕ ਕਰਵਾਉਣੇ ਯਕੀਨੀ ਬਨਾਉਣਗੇ। ਮਿਤੀ 3.10.2019 ਤੋਂ ਨਵੇਂ ਵੈਕੰਸੀ ਰੋਸਟਰ ਰਜਿਸਟਰ ਤਿਆਰ ਕਰਦੇ ਸਮੇਂ ਹੇਠ ਦਰਸਾਏ ਨੁਕਤਿਆਂ ਨੂੰ ਧਿਆਨ ਵਿਚ ਰਖਿਆ ਜਾਵੇ:-

1. Persons with Disabilities (Equal Opportunities, Protection of Rights & Full Participation) Act, 1995 ਵਿਚ ਦਰਜ ਉਪਬੰਧਾਂ ਅਧੀਨ ਰਾਜ ਵਿਚ 3% ਰਾਖਵਾਂਕਰਨ ਦੇਣ ਦੇ ਮੰਤਵ ਨਾਲ ਸਮੂਹ ਵਿਭਾਗਾਂ ਵਲੋਂ ਦਿਵਿਆਂਗਜਨ ਕੋਟੇ ਦੇ ਤਿਆਰ ਕੀਤੇ ਵਖਰੇ ਰੋਸਟਰ ਰਜਿਸਟਰ ਮਿਤੀ 2.10.2019 ਨੂੰ ਬੰਦ ਕਰਨੇ ਯਕੀਨੀ ਬਣਾਏ ਜਾਣ;
2. ਮਿਤੀ 2.10.2019 ਨੂੰ ਬੰਦ ਕੀਤੇ ਗਏ ਰੋਸਟਰ ਰਜਿਸਟਰ ਦੀ ਮੁਕੰਮਲ ਸਥਿਤੀ ਸਬੰਧੀ ਇੰਦਰਾਜ ਮਿਤੀ 3.10.2019 ਤੋਂ ਤਿਆਰ ਕੀਤੇ ਜਾਣ ਵਾਲੇ ਵੈਕੰਸੀ ਰੋਸਟਰ ਰਜਿਸਟਰ ਵਿਚ ਪੂਰਣ ਤੌਰ ਦੇ ਕਰਨੇ ਯਕੀਨੀ ਬਣਾਏ ਜਾਣ ।ਭਾਵ ਮੰਨਜੂਰਸੁਦਾ ਅਸਾਮੀਆਂ ਦੀ ਗਿਣਤੀ, ਭਰੀਆਂ ਅਸਾਮੀਆਂ ਦੀ ਗਿਣਤੀ , ਖਾਲੀ ਅਸਾਮੀਆਂ ਦੀ ਗਿਣਤੀ , ਦਿਵਿਆਂਗਜਨਾਂ ਦੀ ਬਣਦੀਆਂ ਅਸਾਮੀਆਂ ਦੀ ਗਿਣਤੀ, ਦਿਵਿਆਂਗਜਨਾਂ ਦੀ ਭਰੀਆਂ ਅਸਾਮੀਆਂ ਦੀ ਗਿਣਤੀ ਅਤੇ ਦਿਵਿਆਂਗਜਨਾਂ ਦਾ ਬਣਦਾ ਬੈਕਲਾਗ ਸ਼ਾਮਿਲ ਕਰਨਾ ਯਕੀਨੀ ਬਣਾਇਆ ਜਾਵੇ;

3. ਮਿਤੀ 2.10.2019 ਨੂੰ ਰੋਸਟਰ ਰਜਿਸਟਰ ਜਿਸ ਵੀ ਲੜੀ ਨੰਬਰ ਤੇ ਬੰਦ ਹੁੰਦਾ ਹੈ ਮਿਤੀ 3.10.2019 ਨੂੰ ਉਸ ਤੋਂ ਅਗਲੇ ਲੜੀ ਨੰਬਰ ਤੋਂ ਵੈਕੰਸੀ ਰੋਸਟਰ ਰਜਿਸਟਰ ਸ਼ੁਰੂ ਕੀਤਾ ਜਾਵੇ ਨਾ ਕਿ ਲੜੀ ਨੰ: 1 ਤੋਂ ;

4. ਹਦਾਇਤਾਂ ਮਿਤੀ 3.10.2019 ਰਾਂਹੀਂ ਦਿਵਿਆਂਗਜਨਾਂ ਲਈ 90ਵਾਂ ਨੁਕਤਾ earmark ਕੀਤਾ ਗਿਆ ਹੈ, ਇਸ ਲਈ ਜੇਕਰ ਮਿਤੀ 3.10.2019 ਤੋਂ ਪਹਿਲਾਂ ਕਿਸੇ ਵੀ ਵਿਭਾਗ ਵਲੋਂ 90ਵਾਂ ਨੁਕਤਾ ਭਰਿਆ ਜਾ ਚੁੱਕਾ ਹੈ ਤਾਂ ਅਜਿਹੇ ਕੇਸਾਂ ਵਿਚ ਇਸ ਵਿਭਾਗ ਦੀਆਂ ਹਦਾਇਤਾਂ ਮਿਤੀ 3.10.2019 ਦੇ ਪੈਰਾ-10 (2) ਵਿਚ ਦਰਜ ਉਪਬੰਧ ਅਨੁਸਾਰ ਕਾਰਵਾਈ ਨਹੀਂ ਕੀਤੀ ਜਾਣੀ। ਉਸ ਵਿਭਾਗ ਵਲੋਂ ਮਿਤੀ 3.10.2019 ਤੋਂ ਤਿਆਰ ਕੀਤੇ ਜਾਣ ਵਾਲੇ ਵੈਕੰਸੀ ਰੋਸਟਰ ਰਜਿਸਟਰ ਵਿਚ ਇਹ ਤਸਦੀਕ ਕਰ ਦਿੱਤਾ ਜਾਵੇ ਕਿ ਇਹ 90ਵਾਂ ਨੁਕਤਾ ਹਦਾਇਤਾਂ ਮਿਤੀ 3.10.2019 ਤੋਂ ਪਹਿਲਾਂ ਹੀ ਭਰਿਆ ਜਾ ਚੁੱਕਾ ਸੀ।

3. ਉਪਰੋਕਤ ਤੋਂ ਇਲਾਵਾ ਇਸ ਵਿਭਾਗ ਵਲੋਂ ਪਹਿਲਾਂ ਜਾਰੀ ਹਦਾਇਤਾਂ ਨੰ: 1/1/2017-3ਡਸ/1543557/1, ਮਿਤੀ 6.8.2019 ਰਾਂਹੀਂ ਦਿਵਿਆਂਗਜਨਾਂ ਨੂੰ ਰਾਜ ਵਿਚ ਸਿੱਧੀ ਭਰਤੀ ਅਤੇ ਪਦਉਨਤੀ ਵਿਚ ਗਰੁੱਪ ਏ, ਬੀ, ਸੀ ਅਤੇ ਡੀ ਵਿਚ 4% ਰਾਖਵਾਂਕਰਨ ਦੇਣ ਦਾ ਉਪਬੰਧ ਕੀਤਾ ਗਿਆ ਸੀ ਪਰੰਤੂ ਦਿਵਿਆਂਗਜਨਾਂ ਲਈ ਚੌਥਾ ਨੁਕਤਾ ਨਿਰਧਾਰਿਤ ਨਹੀਂ ਕੀਤਾ ਗਿਆ ਸੀ, ਇਨਾਂ ਹਦਾਇਤਾਂ ਨੂੰ ਇਸ ਵਿਭਾਗ ਦੀਆਂ ਹਦਾਇਤਾਂ ਮਿਤੀ 3.10.2019 ਰਾਂਹੀਂ ਸੁਪਰਸੀਡ ਕਰਦੇ ਹੋਏ ਨਵੀਂਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਜੋ ਕਿ ਮਿਤੀ 3.10.2019 ਤੋਂ ਹੀ ਲਾਗੂ ਕੀਤੀਆਂ ਗਈਆਂ ਹਨ।

ਇਸ ਲਈ ਜੇਕਰ ਕਿਸੇ ਵਿਭਾਗ ਵਲੋਂ ਹਦਾਇਤਾਂ ਮਿਤੀ 6.8.2019 ਦੇ ਸਨਮੁੱਖ ਭਰਤੀ/ਪਦਉੱਨਤੀ ਕਰਦੇ ਸਮੇਂ (ਮਿਤੀ 6.8.19 ਤੋਂ 3.10.19 ਦੌਰਾਨ) ਚੌਥੇ ਨੁਕਤੇ ਸਬੰਧੀ ਕੋਈ ਔਕੜ ਪੇਸ਼ ਆਈ ਹੋਵੇ ਤਾਂ ਉਸ ਨੂੰ ਸਪੈਸ਼ਲ ਕੇਸ ਵਜੋਂ ਇਸ ਵਿਭਾਗ ਨੂੰ ਰੈਫਰ ਕੀਤਾ ਜਾ ਸਕਦਾ ਹੈ।

4. ਇਨਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਜੀ।

ਮਿਤੀ,ਚੰਡੀਗੜ੍ਹ
28.1.2020

ਰਾਜੀ ਪੀ.ਸ੍ਰੀਵਾਸਤਵਾ
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ

ਇਕ ਉਤਾਰਾ, ਸਮੂਹ ਵਿਸ਼ੇਸ਼ ਮੁੱਖ ਸਕੱਤਰਾਂ/ਵਧੀਕ ਮੁੱਖ ਸਕੱਤਰਾਂ/ਵਿੱਤੀ ਕਮਿਸ਼ਨਰਾਂ/ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕਤਰਾਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਰੇਨੂ ਚਾਵਲਾ
ਉਪ ਸਕੱਤਰ ਸਮਾਜਿਕ ਸੁਰੱਖਿਆ

ਸੇਵਾ ਵਿਖੇ

ਸਮੂਹ ਵਿਸ਼ੇਸ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰ/ ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ।

ਅੰ:ਵਿ:ਪ:ਨੰ: 3/84/2019-3ਡਸ/83 ਮਿਤੀ,ਚੰਡੀਗੜ੍ਹ 29/1/2020
ਪਿਠ ਅੰਕਣ ਨੰ:3/84/2019-3ਡਸ/84-87 ਮਿਤੀ,ਚੰਡੀਗੜ੍ਹ 29/1/2020

ਇਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ, ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ;
2. ਚੇਅਰਮੈਨ, ਪੰਜਾਬ ਸਟੇਟ ਸ਼ਡਿਊਲ ਕਾਸਟਸ ਕਮਿਸ਼ਨ;
3. ਰਾਜ ਵਿਚ ਸਥਿਤ ਸਮੂਹ ਯੂਨੀਵਰਸਿਟੀ ਦੇ ਉਪ ਕੁਲਪਤੀ;
4. ਰਾਜ ਵਿਚ ਸਥਿਤੀ ਸਮੂਹ ਬੋਰਡਾਂ ਦੇ ਚੇਅਰਮੈਨ।

ਰੇਨੂ ਚਾਵਲਾ
ਉਪ ਸਕੱਤਰ ਸਮਾਜਿਕ ਸੁਰੱਖਿਆ